
Government of Western Australia
Child and Adolescent Health Service

# ADHD ਲਈ ਗੈਰ-ਉਤੇਜਕ ਦਵਾਈਆਂ

**ਸਾਰ**

- ਜੇਕਰ ਉਤੇਜਕ ਦਵਾਈ ਚੰਗੀ ਤਰ੍ਹਾਂ ਕੰਮ ਨਹੀਂ ਕਰ ਰਹੀ ਹੈ ਤਾਂ ਤੁਹਾਡੇ ਬੱਚੇ ਨੂੰ ਗੈਰ-ਉਤੇਜਕ ਦਵਾਈ ਦਿੱਤੀ ਜਾ ਸਕਦੀ ਹੈ।
- ਇਹ ਦਵਾਈਆਂ ਹੌਲੀ-ਹੌਲੀ ਅਸਰ ਕਰਦੀਆਂ ਹਨ ਅਤੇ ਅਸਰ ਲੰਬੇ ਸਮੇਂ ਤੱਕ ਰਹਿੰਦਾ ਹੈ। ਤੁਹਾਨੂੰ ਇਹ ਦੱਸਣ| ਵਿੱਚ 3 ਮਹੀਨੇ ਲੱਗ ਸਕਦੇ ਹਨ ਕਿ ਕੀ ਉਹ ਤੁਹਾਡੇ ਬੱਚੇ ਲਈ ਕੋਈ ਫ਼ਰਕ ਪਾ ਰਹੀਆਂ ਹਨ।
- ਗੈਰ-ਉਤੇਜਕ ਦਵਾਈਆਂ ਬੱਚਿਆਂ ਲਈ ਸੁਰੱਖਿਅਤ ਹਨ ਅਤੇ ਆਮ ਤੌਰ 'ਤੇ ਸਿਰਫ ਹਲਕੇ ਮਾੜੇ ਪ੍ਰਭਾਵ ਪੈਦਾ ਕਰਦੀਆਂ ਹਨ।



ਜੇਕਰ ਉਤੇਜਕ ਦਵਾਈ ਚੰਗੀ ਤਰ੍ਹਾਂ ਕੰਮ ਨਹੀਂ ਕਰ ਰਹੀ ਹੈ, ਜਾਂ ਜੇ ਇਹ ਤੁਹਾਡੇ ਬੱਚੇ ਲਈ ਢੁਕਵੀਂ ਨਹੀਂ ਹੈ, ਤਾਂ ਗੈਰ-ਉਤੇਜਕ ਦਵਾਈ ਦੂਜਾ ਵਿਕਲਪ ਹੈ। ਇਹ ਦਵਾਈਆਂ 10 ਵਿੱਚੋਂ 6 ਬੱਚਿਆਂ ਲਈ ਕੰਮ ਕਰਦੀਆਂ ਪਾਈਆਂ ਗਈਆਂ ਹਨ।

ਆਮ ਗੈਰ-ਉਤੇਜਕ ਦਵਾਈਆਂ ਹਨ:

- ਐਟੋਮੋਕਸੈਟੀਨ
- ਗੁਏਨਫ਼ਾਸੀਨ: ਇਨਟਿਊਨਿਵ®

ਤੁਹਾਡਾ ਡਾਕਟਰ ਆਮ ਤੌਰ 'ਤੇ ਘੱਟ ਖੁਰਾਕ ਨਾਲ ਸ਼ੁਰੂਆਤ ਕਰੇਗਾ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਤੁਹਾਡਾ ਬੱਚਾ ਕਿਵੇਂ ਪ੍ਰਤੀਕਿਰਿਆ ਕਰਦਾ ਹੈ, ਇਸ ਤੋਂ ਪਹਿਲਾਂ ਕਿ ਖੁਰਾਕ ਨੂੰ ਉਸ ਪੱਧਰ ਤੱਕ ਵਧਾ ਦਿੱਤਾ ਜਾਵੇ ਜੋ ਤੁਹਾਡੇ ਬੱਚੇ ਲਈ ਵਧੀਆ ਕੰਮ ਕਰੇ।

## ਗੈਰ-ਉਤੇਜਕ ਦਵਾਈਆਂ ਕਿਵੇਂ ਕੰਮ ਕਰਦੀਆਂ ਹਨ?

ਹਰੇਕ ਗੈਰ-ਉਤੇਜਕ ਦਵਾਈ ਵੱਖਰੇ ਤਰੀਕੇ ਨਾਲ ਕੰਮ ਕਰਦੀ ਹੈ। ਹਾਲਾਂਕਿ, ਇਹ ਸਾਰੀਆਂ ਦਿਮਾਗ ਦੇ ਵੱਖ-ਵੱਖ ਖੇਤਰਾਂ ਵਿਚਕਾਰ 'ਲਾਭਦਾਇਕ' ਸਿਗਨਲਾਂ ਨੂੰ ਮਜ਼ਬੂਤ ਕਰਨ ਲਈ ਵਰਤੇ ਜਾਂਦੇ ਦਿਮਾਗੀ ਰਸਾਇਣਾਂ ਦੇ ਪੱਧਰਾਂ ਨੂੰ ਬਦਲਦੀਆਂ ਹਨ।

ਐਟੋਮੋਕਸੈਟੀਨ ਅਤੇ ਗੁਏਨਫ਼ਾਸੀਨ ਦੋਵੇਂ ਦਿਮਾਗ ਦੇ ਰਸਾਇਣ 'ਨੋਰਾਡਰੇਨਾਲੀਨ' ਨੂੰ ਨਿਸ਼ਾਨਾ ਬਣਾ ਕੇ ਕੰਮ ਕਰਦੀਆਂ ਹਨ। ਇਹ ਰਸਾਇਣ ਧਿਆਨ, ਯੋਜਨਾਬੰਦੀ ਅਤੇ ਆਵੇਗ ਨਿਯੰਤਰਣ ਵਿੱਚ ਸ਼ਾਮਲ ਹੈ।

- ਐਟੋਮੋਕਸੈਟੀਨ ਦਿਮਾਗ ਦੇ ਅੰਦਰ ਸਰਕਟਾਂ ਵਿੱਚ ਨੋਰਾਡਰੇਨਾਲੀਨ ਦੇ ਆਵਾਜਾਈ ਦੇ ਤਰੀਕੇ 'ਤੇ ਕੰਮ ਕਰਦੀ ਹੈ।
- ਗੁਏਨਫ਼ਾਸੀਨ ਦਿਮਾਗ ਵਿੱਚ ਖਾਸ ਰੀਸੈਪਟਰਾਂ 'ਤੇ ਕੰਮ ਕਰਦੀ ਹੈ ਤਾਂ ਜੋ ਨੋਰਾਡ੍ਰੇਨਾਲੀਨ (ਅਤੇ ਡੋਪਾਮਾਈਨ) ਨੂੰ ਵਧੇਰੇ ਉਪਲਬਧ ਅਤੇ ਵਧੇਰੇ ਕਿਰਿਆਸ਼ੀਲ ਬਣਾਇਆ ਜਾ ਸਕੇ।

ਗੈਰ-ਉਤੇਜਕ ਦਵਾਈਆਂ ਉਤੇਜਕ ਦਵਾਈਆਂ ਤੋਂ ਵੱਖਰੇ ਢੰਗ ਨਾਲ ਕੰਮ ਕਰਦੀਆਂ ਹਨ।

- ਇਹ ਹੌਲੀ-ਹੌਲੀ ਪ੍ਰਭਾਵ ਪਾਉਂਦੀਆਂ ਹਨ ਅਤੇ ਇਨ੍ਹਾਂ ਦਾ ਅਸਰ ਲੰਬੇ ਸਮੇਂ ਤੱਕ ਰਹਿੰਦਾ ਹੈ।
- ਇਹ ਦਿਨ ਭਰ ਅਤੇ ਸ਼ਾਮ ਤੱਕ ਮਦਦ ਕਰਦੀਆਂ ਹਨ ਅਤੇ ਪ੍ਰਭਾਵ 24 ਘੰਟਿਆਂ ਤੱਕ ਰਹਿੰਦਾ ਹੈ।
- ਇਹਨਾਂ ਦਾ ਪੂਰਾ ਪ੍ਰਭਾਵ ਦੇਖਣ ਵਿੱਚ ਲਗਭਗ 3 ਮਹੀਨੇ ਲੱਗ ਸਕਦੇ ਹਨ।
- ਉਤੇਜਕ ਦਵਾਈਆਂ ਦੇ ਉਲਟ, ਗੈਰ-ਉਤੇਜਕ ਦਵਾਈਆਂ ਨੂੰ ਅਚਾਨਕ ਬੰਦ ਕਰਨਾ ਨੁਕਸਾਨਦੇਹ ਹੋ ਸਕਦਾ ਹੈ।

ਗੈਰ-ਉਤੇਜਕ ਦਵਾਈਆਂ ਉਹਨਾਂ ਬੱਚਿਆਂ ਲਈ ਲਾਭਦਾਇਕ ਹੋ ਸਕਦੀਆਂ ਹਨ ਜੋ:

- ਉਤੇਜਕ ਦਵਾਈਆਂ ਦੇ ਮਾੜੇ ਪ੍ਰਭਾਵਾਂ ਕਾਰਨ ਉਹ ਨਹੀਂ ਲੈ ਸਕਦੇ।
- ਗੰਭੀਰ ਚਿੰਤਾ ਵਰਗੀ ਕੋਈ ਮੌਜੂਦਾ ਸਥਿਤੀ ਹੈ ਜੋ ਉਤੇਜਕ ਦਵਾਈ ਲੈਣ ਨਾਲ ਵਿਗੜ ਸਕਦੀ ਹੈ।
- ਉਤੇਜਕ ਦਵਾਈਆਂ ਦੀ ਕੋਸ਼ਿਸ਼ ਕੀਤੀ ਹੈ ਅਤੇ ਉਨ੍ਹਾਂ ਨੇ ਮਦਦ ਨਹੀਂ ਕੀਤੀ।

## ਮਾੜੇ ਪ੍ਰਭਾਵ

ਜੇ ਤੁਸੀਂ ਜਾਂ ਤੁਹਾਡੇ ਬੱਚੇ ਨੇ ਦਵਾਈ ਦੇ ਕੋਈ ਵੀ ਮਾੜੇ ਪ੍ਰਭਾਵ ਦੇਖੇ ਹਨ ਤਾਂ ਇਹ ਜ਼ਰੂਰੀ ਹੈ ਕਿ ਹਮੇਸ਼ਾ ਆਪਣੇ ਬੱਚੇ ਦੇ ਡਾਕਟਰ ਨਾਲ ਗੱਲ ਕਰੋ।

ਗੁਏਨਫ਼ਾਸੀਨ ਦੇ ਆਮ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ:

- ਸੌਣ ਵਿੱਚ ਮੁਸ਼ਕਿਲ
- ਮੂੰਹ ਸੁੱਕਣਾ
- ਉਨੀਂਦਰਾ ਮਹਿਸੂਸ ਕਰਨਾ
- ਘੱਟ ਬਲੱਡ ਪ੍ਰੈਸ਼ਰ ਜਾਂ ਚੱਕਰ ਆਉਣਾ
- ਦਿਲ ਦੀ ਘੱਟ ਧੜਕਣ।

ਐਟੋਮੋਕਸੈਟੀਨ ਦੇ ਆਮ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ:

- ਘਟੀ ਹੋਈ ਭੁੱਖ
- ਪੇਟ ਸੰਬੰਧੀ ਪਰੇਸ਼ਾਨੀ
- ਸੌਣ ਵਿੱਚ ਮੁਸ਼ਕਿਲ
- ਕਬਜ਼
- ਮਿਜਾਜ਼ ਵਿੱਚ ਤਬਦੀਲੀ।

ਦੁਰਲੱਭ ਮਾੜੇ ਪ੍ਰਭਾਵ

- ਧੱਫੜ
- ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਦੇ ਵਿਚਾਰ।

**ਜੇਕਰ ਤੁਹਾਡਾ ਬੱਚਾ ਦਵਾਈ ਲੈ ਰਿਹਾ ਹੈ ਅਤੇ ਉਸਨੂੰ ਧੱਫੜ ਜਾਂ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਦੇ ਵਿਚਾਰ ਆਉਂਦੇ ਹਨ ਤਾਂ ਦਵਾਈ 'ਬੰਦ' ਕਰਨ ਤੋਂ ਪਹਿਲਾਂ ਆਪਣੇ ਬੱਚੇ ਦੇ ਡਾਕਟਰ ਨਾਲ ਗੱਲ ਕਰੋ। ਅਚਾਨਕ ਦਵਾਈ ਰੋਕਣਾ ਨੁਕਸਾਨਦੇਹ ਹੋ ਸਕਦਾ ਹੈ।**

## ਸਰੋਤ:

- ADHD: ਬੱਚਿਆਂ ਅਤੇ ਕਿਸ਼ੋਰ ਉਮਰ ਤੋਂ ਪਹਿਲਾਂ ਦੀ ਉਮਰ ਵਾਲੇ ਬੱਚਿਆਂ ਦਾ ਸਮਰਥਨ ਕਰਨਾ | ਰੇਜ਼ਿੰਗ ਚਿਲਡਰਨ ਨੈੱਟਵਰਕ
- ADHD ਲਈ ਆਸਟ੍ਰੇਲੀਆਈ ਸਬੂਤ-ਅਧਾਰਤ ਕਲੀਨਿਕਲ ਅਭਿਆਸ ਦਿਸ਼ਾ-ਨਿਰਦੇਸ਼ - ਖਪਤਕਾਰ ਸਾਥੀ ਗਾਈਡ | AADPA
- ਖਾਸ ਦਵਾਈਆਂ ਬਾਰੇ ਜਾਣਕਾਰੀ: ਚੋਣ ਅਤੇ ਦਵਾਈ | WA ਸਿਹਤ

ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਪ੍ਰਦਾਨ ਕੀਤਾ ਗਿਆ ਹੈ। ਕਿਸੇ ਵੀ ਲੋੜੀਂਦੀ ਡਾਕਟਰੀ ਸਲਾਹ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।
©State of Western Australia, Child and Adolescent Health Service, June 2025 CAH-001854_3